# ਪੇਸ਼ਾਵਰ ਸੇਵਾਵਾਂ ਦੀ ਚੋਣ ਕਰਨਾ

ਪੇਸ਼ਾਵਰ ਸੇਵਾਵਾਂ ਦੀ ਵਰਤੋਂ ਛੋਟੇ ਕਾਰੋਬਾਰਾਂ ਦੀ ਕਾਮਯਾਬੀ ਲਈ ਜ਼ਰੂਰੀ ਹੈ। ਪੇਸ਼ਾਵਰ ਉਹਨਾਂ ਗੱਲਾਂ ਬਾਰੇ ਗਿਆਨ ਅਤੇ ਮੁਹਾਰਤ ਪ੍ਰਦਾਨ ਕਰ ਸਕਦੇ ਹਨ, ਜਿਹਨਾਂ ਬਾਰੇ ਤੁਹਾਡੇ ਕੋਲ ਘੱਟ ਗਿਆਨ ਅਤੇ ਮਹਾਰਤ ਹੋਵੇ। ਉਹ ਤੁਹਾਡੀ ਪ੍ਰਬੰਧਕੀ ਟੀਮ ਨੂੰ ਮੁਕੰਮਲ ਕਰ ਸਕਦੇ ਹਨ ਤਾਂ ਕਿ ਤੁਹਾਡਾ ਕਾਰੋਬਾਰ ਕਾਰਗਰਤਾ ਨਾਲ ਚੱਲੇ।

ਇਕ ਕਾਰੋਬਾਰੀ ਵਿਅਕਤੀ ਵਜੋਂ ਤੁਸੀਂ ਚਾਰ ਮੁੱਖ ਪੇਸ਼ਾਵਰ ਸੇਵਾਵਾਂ ਬਾਰੇ ਸਲਾਹ ਲੈਣ ਦੇ ਇੱਛੁਕ ਹੋਵੋਗੇ: ਅਕਾਉਂਟੈਂਟ, ਵਕੀਲ, ਬੈਂਕਰ ਅਤੇ ਇੰਸ਼ੋਰੈਂਸ ਬਰੋਕਰ।

ਪੇਸ਼ਾਵਰ ਮਦਦ ਲੈਂਦੇ ਵਕਤ, ਧਿਆਨ ਨਾਲ ਚੋਣ ਕਰੋ। ਕਿਸੇ ਅਜਿਹੇ ਨੂੰ ਭਾਲੋ ਜਿਸ ਨਾਲ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਚੰਗਾ ਕੰਮਕਾਜੀ ਰਿਸ਼ਤਾ ਬਣਾ ਸਕਦੇ ਹੋ। ਨਾਂ ਭਾਲਦੇ ਸਮੇਂ ਪਰਿਵਾਰ ਦੇ ਮੈਂਬਰਾਂ, ਦੋਸਤਾਂ ਅਤੇ ਕਾਰੋਬਾਰੀ ਸਾਥੀਆਂ ਤੋਂ ਪੁੱਛਣ ਦੇ ਨਾਲ ਨਾਲ ਆਪਣੀ ਟੈਲੀਫੋਨ ਡਾਇਰੈਕਟਰੀ ਦੇ ਕਾਰੋਬਾਰੀ ਸਫਿਆਂ ਵਿੱਚ ਵੀ ਦੇਖੋ।

ਪਹਿਲੀਆਂ ਮੀਟਿੰਗਾਂ ਸਮੇਂ ਇਹ ਦੱਸਣ ਲਈ ਤਿਆਰ ਰਹੋ ਕਿ ਤੁਹਾਡੀ ਸਥਿਤੀ ਕੀ ਹੈ ਅਤੇ ਤੁਸੀਂ ਕੀ ਚਾਹੁੰਦੇ ਹੋ। ਇਹ ਪੁੱਛੋ ਕਿ ਫਰਮ ਕਿਸ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਇਹ ਤੁਹਾਡੀ ਕਿਵੇਂ ਮਦਦ ਕਰ ਸਕਦੀ ਹੈ। ਇਹ ਪੁੱਛਣਾ ਨਾ ਭੁੱਲੋ ਕਿ ਫਰਮ ਆਪਣੀਆਂ ਸੇਵਾਵਾਂ ਲਈ ਕੀ ਫੀਸ ਲੈਂਦੀ ਹੈ।

## ਅਕਾਉਂਟੈਂਟ ਦੀ ਚੋਣ ਕਰਨਾ

ਅਕਾਉਂਟੈਂਟ ਉੱਚ ਸਿੱਖਲਾਈ ਪ੍ਰਾਪਤ ਪੇਸ਼ਾਵਰ ਹੁੰਦੇ ਹਨ ਜੋ ਕਾਰੋਬਾਰ ਦੇ ਰਿਕਾਰਡਾਂ, ਵਿੱਤੀ ਮਾਮਲਿਆਂ, ਅਤੇ ਵਿਓਂਤ ਬਣਾਉਣ ਅਤੇ ਕਾਰੋਬਾਰ ਚਲਾਉਣ ਦੇ ਹੋਰ ਕਈ ਪੱਖਾਂ ਨੂੰ ਦੇਖਦੇ ਹਨ। ਅਕਾਉਂਟੈਂਟ:

- ਤੁਹਾਡੀ ਕਾਰੋਬਾਰ ਦੀ ਵਿਓਂਤ ਬਣਾਉਣ ਵਿੱਚ ਮਦਦ ਕਰ ਸਕਦੇ ਹਨ ਅਤੇ ਵਿੱਤੀ ਸਲਾਹ ਦੇ ਸਕਦੇ ਹਨ;
- ਤੁਹਾਨੂੰ ਸਲਾਹ ਦੇ ਸਕਦੇ ਹਨ ਕਿ ਤੁਹਾਡੇ ਲਈ ਕਾਰੋਬਾਰੀ ਪ੍ਰਬੰਧ ਦਾ ਕਿਹੜਾ ਰੂਪ ਉਚਿੱਤ ਹੈ;
- ਤੁਹਾਡੇ ਲਈ ਬੁੱਕਕੀਪਿੰਗ ਕਰ ਸਕਦੇ ਹਨ ਅਤੇ/ਜਾਂ ਤੁਹਾਨੂੰ ਬੁੱਕਕੀਪਿੰਗ ਦੀ ਸਿਖਲਾਈ ਦੇ ਸਕਦੇ ਹਨ;
- ਤੁਹਾਡੀਆਂ ਵਿੱਤੀ ਸਟੇਟਮੈਂਟਾਂ ਤਿਆਰ ਕਰ ਸਕਦੇ ਹਨ ਅਤੇ ਉਹਨਾਂ ਬਾਰੇ ਸਮਝਾ ਸਕਦੇ ਹਨ;
- ਕਾਰਪੋਰੇਟ ਅਤੇ ਇੰਕਮ ਟੈਕਸ ਰਿਟਰਨ ਅਤੇ ਸਰਕਾਰ ਵਲੋਂ ਲੋੜੀਂਦੀ ਹੋਰ ਜਾਣਕਾਰੀ ਤਿਆਰ ਕਰ ਸਕਦੇ ਹਨ।

ਅਕਾਉਂਟੈਂਟਾਂ ਦੇ ਪੇਸ਼ਾਵਰ ਤਜਰਬੇ, ਕੰਮ ਦੀ ਕਿਸਮ ਅਤੇ ਪੇਚੀਦਗੀ ਮੁਤਾਬਕ ਉਨ੍ਹਾਂ ਦੀ ਪ੍ਰਤੀ ਘੰਟੇ ਦੀ ਫੀਸ ਵੱਖ ਵੱਖ ਹੋ ਸਕਦੀ ਹੈ।

ਜੇ ਤੁਹਾਨੂੰ ਸਿਰਫ ਆਪਣੇ ਵਿੱਤੀ ਵਹੀ-ਖਾਤਿਆਂ ਨੂੰ ਸਮੇਂ ਮੁਤਾਬਕ ਸਹੀ ਰੱਖਣ ਲਈ ਕਿਸੇ ਦੀ ਲੋੜ ਹੈ, ਤਾਂ ਤੁਸੀਂ ਕਿਸੇ ਬੁੱਕਕੀਪਰ ਨੂੰ ਰੱਖਣ ਬਾਰੇ ਸੋਚ ਸਕਦੇ ਹੋ। ਇਹ ਘੱਟ ਮਹਿੰਗੀ ਸੂਰਤ ਹੋ ਸਕਦੀ ਹੈ।

**ਪੇਸ਼ਾਵਰ** ਅਕਾਉਂਟੈਂਟਾਂ ਦੀਆਂ ਵੱਖ ਵੱਖ ਕਿਸਮਾਂ ਹੇਠ ਲਿਖਿਆਂ ਹਨ:

- ਚਾਰਟਰਡ ਅਕਾਉਂਟੈਂਟ (ਸੀ ਏ) - ਟੈਕਸ, ਬਾਹਰਲੇ ਵਰਤਣ ਵਾਲਿਆਂ ਲਈ ਸਮੁੱਚੀ ਵਿੱਤੀ ਰਿਪੋਰਟ ਤਿਆਰ ਕਰਨ, ਅਤੇ ਮੈਨੇਜਮੈਂਟ ਲਈ ਵਿੱਤੀ ਪੇਸ਼ੀਨਗੋਈ ਕਰਨ ਅਤੇ ਬਾਹਰੀ ਆਡਿਟਿੰਗ ਵਿੱਚ ਮਾਹਰ ਹੁੰਦਾ ਹੈ।
- ਸਰਟੀਫਾਇਡ ਮੈਨੇਜਮੈਂਟ ਅਕਾਉਂਟੈਂਟ (ਸੀ ਐਮ ਏ) - ਕੰਪਨੀ ਵਲੋਂ ਤਿਆਰ ਕੀਤੀਆਂ ਵਸਤਾਂ ਜਾਂ ਸੇਵਾਵਾਂ ਦੇ ਖਰਚਿਆਂ ਬਾਰੇ ਅੰਦਰੂਨੀ ਜਾਣਕਾਰੀ, ਜਿਹੜੀ ਮੈਨੇਜਮੈਂਟ ਦੀ ਫੈਸਲੇ ਕਰਨ ਵਿੱਚ ਮਦਦ ਕਰਦੀ ਹੈ, ਤਿਆਰ ਕਰਨ ਵਿੱਚ ਮਾਹਰ ਹੁੰਦਾ ਹੈ।
- ਸਰਟੀਫਾਇਡ ਜਨਰਲ ਅਕਾਉਂਟੈਂਟ (ਸੀ ਜੀ ਏ) - ਵਿੱਤੀ ਅਕਾਉਂਟਿੰਗ, ਬਾਹਰੀ ਆਡਿਟਿੰਗ ਦੇ ਨਾਲ ਨਾਲ ਛੋਟੇ ਕਾਰੋਬਾਰਾਂ ਦੇ ਟੈਕਸ ਅਤੇ ਸਲਾਹ ਮਸ਼ਵਰੇ ਵਿੱਚ ਮਾਹਰ ਹੁੰਦਾ ਹੈ।

## ਵਕੀਲ ਦੀ ਚੋਣ ਕਰਨਾ

ਵਕੀਲ ਉੱਚ ਸਿੱਖਲਾਈ ਪ੍ਰਾਪਤ ਪੇਸ਼ਾਵਰ ਹੁੰਦੇ ਹਨ, ਜਿਹੜੇ ਨਿੱਜੀ ਅਤੇ ਕਾਰੋਬਾਰੀ ਕਾਨੂੰਨੀ ਮਾਮਲਿਆਂ ਦੇ ਪੂਰੇ ਰੁੱਖ ਨਾਲ ਨਜਿੱਠਦੇ ਹਨ। ਵਕੀਲ ਇਕ ਜਾਂ ਵੱਧ ਖੇਤਰਾਂ ਵਿੱਚ ਵਕਾਲਤ ਕਰਨ ਦੀ ਮਹਾਰਤ ਰੱਖਦੇ ਹਨ।

ਜੇ ਤੁਹਾਡੇ ਕਾਨੂੰਨੀ ਸਰੋਕਾਰ ਕਿਸੇ ਇਕ ਖੇਤਰ ਤਕ ਸੀਮਤ ਹੋਣ ਤਾਂ ਤੁਹਾਡੇ ਲਈ ਉਸ ਖੇਤਰ ਵਿੱਚ ਮਾਹਰ ਵਕੀਲ ਨਾਲ ਗੱਲ ਕਰਨਾ ਚੰਗਾ ਹੋਵੇਗਾ। ਕਾਰੋਬਾਰੀ ਲੈਣ-ਦੇਣ ਦੀਆਂ ਅਨੇਕਾਂ ਕਾਨੂੰਨੀ ਉਲਝਣਾ ਹੁੰਦੀਆਂ ਹਨ, ਇਸ ਲਈ ਤੁਹਾਨੂੰ ਅਜਿਹਾ ਵਕੀਲ ਭਾਲਣਾ ਚਾਹੀਦਾ ਹੈ ਜਿਸ ਨਾਲ ਤੁਸੀਂ ਇਕ ਭਰੋਸੇਯੋਗ ਕਾਰੋਬਾਰੀ ਸਲਾਹਕਾਰ ਦੇ ਤੌਰ 'ਤੇ ਵਰਤ ਸਕੋ।

ਜੇ ਤੁਹਾਨੂੰ ਵਕੀਲ ਭਾਲਣ ਵਿੱਚ ਸਹਾਇਤਾ ਚਾਹੀਦੀ ਹੋਵੇ, ਤਾਂ ਕ੍ਰਿਪਾ ਕਰਕੇ ਆਪਣੇ ਸੂਬੇ ਜਾਂ ਟੈਰਾਟੋਰੀ ਨਾਲ ਸੰਬੰਧਤ ਨੰਬਰ 'ਤੇ ਫੋਨ ਕਰੋ।

| | | |
|---|---|---|
| ਅਲਬਰਟਾ | 1-800-661-1095 | |
| ਬ੍ਰਿਟਿਸ਼ ਕੋਲੰਬੀਆ | 1-800-663-1919 | |
| ਮੈਨੀਟੋਬਾ | 1-800-262-8800 | |
| ਨਿਊਬਰਨਜ਼ਵਿੱਕ | 1 (506) 458-8540 | |
| ਨਿਊਫਾਉਂਡਲੈਂਡ ਐਂਡ ਲੈਬਰਾਡੋਰ | 1 (709) 722-2643 | |
| ਨੌਰਥਵੈੱਸਟ ਟੈਰਾਟੋਰੀਜ਼ | 1 (867) 873-3828 | |
| ਨੋਵਾ ਸਕੋਸ਼ੀਆ | 1-800-665-9779 | |
| ਨੁਨਾਵੈੱਟ | 1 (867) 979-2330 | |
| ਓਨਟੇਰੀਓ | 1-800-268-8326 | |
| ਪ੍ਰਿੰਸ ਐਡਵਰਡ ਆਈਲੈਂਡ | 1 (902) 566-1666 | |
| ਕਿਊਬਿਕ | ਮੋਂਟਰੀਅਲ | 1 (514) 866-2490 |
| | ਕਿਊਬਿਕ | 1 (418) 529-0301 |
| | ਗੈਟੀਨਿਊ | 1 (819) 777-5225 |
| | ਲੌਂਗੁਇਯੁਲ | 1 (450) 468-2609 |
| | ਲੈਵਾਲ | 1 (450) 686-2958 |
| | ਲੌਰੈਂਟਾਇਡਜ਼ ਲੈਨੌਡਿਅਰ | 1 (450) 752-6774 |

| | |
|---|---|
| ਸੈਸਕੈਚਵਿਨ | 1-800-667-9886 |
| ਯੂਕੋਨ | 1 (867) 668-4231 |

ਕਈ ਸੂਬਿਆਂ ਅਤੇ ਟੈਰਾਟੋਰੀਆਂ ਵਿੱਚ ਇਹ ਨੰਬਰ ਸਥਾਨਕ ਕਾਰੋਬਾਰੀ ਡਾਇਰੈਕਟਰੀ ਵਿੱਚ ਲਾਈਯਰ ਰੈਫਰਲ ਸਰਵਿਸਜ਼ ਹੇਠਾਂ ਲੱਭਿਆ ਜਾ ਸਕਦਾ ਹੈ।

ਕੁਝ ਸਲਾਹ ਜਿਹੜੀ ਵਕੀਲ ਦੇ ਸਕਦੇ ਹਨ ਜਿਵੇਂ ਕਿ:

- ਉਚਿਤ ਕਾਨੂੰਨੀ ਰੂਪ, ਜਿਹੜਾ ਤੁਹਾਡੇ ਕਾਰੋਬਾਰੀ ਉੱਦਮ ਲਈ ਸਹੀ ਹੋਵੇ, ਨੂੰ ਚੁਣਨ ਵਿੱਚ ਮਦਦ ਕਰਨਾ;
- ਕਾਰੋਬਾਰ ਲਈ ਕਾਗਜ਼ ਪੱਤਰ ਤਿਆਰ ਕਰਨ ਵਿੱਚ ਮਦਦ ਕਰਨਾ;
- ਜ਼ੋਨਿੰਗ ਸੰਬੰਧੀ ਕਾਨੂੰਨ ਅਤੇ ਸਥਾਨਕ ਸ਼ਰਤਾਂ ਨੂੰ ਸਮਝਣ ਅਤੇ ਉਹਨਾਂ ਦੀ ਪਾਲਣਾ ਕਰਨ ਵਿੱਚ ਮਦਦ ਕਰਨਾ;
- ਸਰਕਾਰ ਦੇ ਨਿਯਮਾਂ ਅਤੇ ਰੀਕਾਰਡ ਕੀਪਿੰਗ ਅਨੁਸਾਰ ਚੱਲਣ ਵਿੱਚ ਮਦਦ ਕਰਨਾ;
- ਮਕਾਨ ਮਾਲਕਾਂ, ਸਪਲਾਇਰਾਂ ਅਤੇ ਗ੍ਰਾਹਕਾਂ ਨਾਲ ਇਕਰਾਰਨਾਮੇ ਤਿਆਰ ਕਰਨ ਵਿੱਚ ਮਦਦ ਕਰਨਾ;
- ਲੀਜ਼ਾਂ ਨੂੰ ਸਮਝਣ ਅਤੇ ਪ੍ਰਬੰਧ ਕਰਨ ਵਿੱਚ ਮਦਦ ਕਰਨਾ ।

ਮਾਮਲੇ ਦੀ ਪੇਚੀਦਗੀ, ਲੋੜੀਂਦੀ ਸੇਵਾ ਅਤੇ ਵਕੀਲ ਦੇ ਤਜਰਬੇ ਦੇ ਪੱਧਰ ਦੇ ਅਧਾਰ ’ਤੇ ਵਕੀਲ ਤੋਂ ਵਕੀਲ ਪ੍ਰਤੀ ਘੰਟਾ ਫੀਸ ਜਾਂ ਖਰਚੇ ਕਾਫੀ ਵੱਖ ਹੁੰਦੇ ਹਨ।

## ਬੈਂਕਰ ਦੀ ਚੋਣ ਕਰਨਾ

ਤੁਹਾਡਾ ਵਪਾਰਕ ਬੈਂਕਿੰਗ ਸੰਬੰਧ ਇਕ ਅਜਿਹਾ ਮਾਮਲਾ ਹੈ ਜਿਸ ਲਈ ਸਤਰਕ ਚੋਣ ਅਤੇ ਲੰਮੇ ਸਮੇਂ ਦੀ ਵਚਨਬੱਧਤਾ ਦਾ ਆਧਾਰ ਚਾਹੀਦਾ ਹੈ। ਨਿੱਜੀ ਅਕਾਉਂਟ ਦੇ ਮੁਕਾਬਲੇ ਕਾਰੋਬਾਰ ਦੇ ਅਕਾਉਂਟ ਦੇ ਸੰਬੰਧ ਵਿੱਚ ਬੈਂਕ ਬਦਲਣਾ ਬਹੁਤ ਜ਼ਿਆਦਾ ਔਖਾ ਅਤੇ ਮਹਿੰਗਾ ਹੈ ਕਿਉਂਕਿ ਵਪਾਰਕ ਸੇਵਾਵਾਂ ਗਾਹਕ ਦੀਆਂ ਖਾਸ ਲੋੜਾਂ ਮੁਤਾਬਕ ਹੁੰਦੀਆਂ ਹਨ ਅਤੇ ਉਹਨਾਂ ਬਾਰੇ ਸਹਿਮਤੀ ਬਣਾਉਣ ਵਿੱਚ ਸਮਾਂ ਲੱਗਦਾ ਹੈ।

ਕਾਰੋਬਾਰ ਲਈ ਬੈਂਕ ਚੁਣਨ ਦੇ ਵੀ ਬਹੁਤ ਸਾਰੇ ਓਹੀ ਕਾਰਨ ਹੁੰਦੇ ਹਨ ਜਿਨ੍ਹਾਂ ਕਰਕੇ ਵਿਅਕਤੀ ਨਿੱਜੀ ਜਰੂਰਤਾਂ ਲਈ ਬੈਂਕ ਚੁਣਦੇ ਹਨ। ਤੁਹਾਡੇ ਲਈ ਖਰਚਾ, ਖੂਬੀ, ਰਵੱਈਆ, ਨੇਕਨਾਮੀ, ਸੇਵਾ, ਸਹੂਲਤ, ਸੁਰੱਖਿਆ ਅਤੇ ਭਰੋਸੇਯੋਗਤਾ ’ਤੇ ਗੌਰ ਕਰਨਾ ਜ਼ਰੂਰੀ ਹੈ।

ਕੁਝ ਮਹੱਤਵਪੂਰਨ ਗੱਲਾਂ ਜਿਨ੍ਹਾਂ ’ਤੇ ਬਿਜ਼ਨਿਸ ਮੈਨੇਜਰ ਨੂੰ ਬੈਂਕ ਦੀ ਚੋਣ ਕਰਨ ਸਮੇਂ ਧਿਆਨ ਰੱਖਣਾ ਚਾਹੀਦਾ ਹੈ।

- ਤੁਹਾਡੇ ਕਾਰੋਬਾਰ ਬਾਰੇ ਰਵੱਈਆ – ਕੀ ਉਹਨਾਂ ਦੀ ਤੁਹਾਡੀਆਂ ਮੁਸ਼ਕਿਲਾਂ ਵਿੱਚ ਦਿਲਚਸਪੀ ਹੈ? ਕੀ ਉਹ ਕਮਿਉਨਿਟੀ ਵਿੱਚ ਸਰਗਰਮ ਹਨ? ਕੀ ਉਹ ਇਕ ਰਿਸ਼ਤਾ ਕਾਇਮ ਕਰਨ ਵਿੱਚ ਦਿਲਚਸਪੀ ਰੱਖਦੇ ਹਨ?
- ਕਰੈਡਿਟ ਸੇਵਾਵਾਂ – ਕੀ ਬ੍ਰਾਂਚ ਓਪਰੇਟਿੰਗ ਲੋਨ, ਟਰਮ ਲੋਨ, ਲੈਟਰ ਆਫ ਕਰੈਡਿਟ, ਗਰੰਟੀਆਂ, ਫਰੈਂਚਾਇਜ਼ ਲੈਣ ਲਈ ਕਰਜ਼ੇ, ਲੀਜ਼, ਅਤੇ ਸਰਕਾਰ ਵਲੋਂ ਗਰੰਟੀਸ਼ੁਦਾ ਕਰਜ਼ੇ ਦਿੰਦੀ ਹੈ?
- ਬੈਂਕ ਦਾ ਸਾਈਜ਼ ਅਤੇ ਪ੍ਰਬੰਧ ਨੀਤੀਆਂ – ਕੀ ਤੁਹਾਡੀਆਂ ਵੱਧ ਤੋਂ ਵੱਧ ਲੋੜਾਂ ਉਹਨਾਂ ਦੀ ਹੱਦ ਅੰਦਰ ਆਉਣ ਗੀਆਂ? ਬੈਂਕ ਤੁਹਾਡੀ ਕਮਿਉਨਿਟੀ ਦੇ ਵਿਕਾਸ ਅਤੇ ਖੁਸ਼ਹਾਲੀ ਲਈ ਕਿੰਨਾ ਕੁ ਫਿਕਰਮੰਦ ਹੈ?

- ਕੈਸ਼ ਸੰਬੰਧੀ ਪ੍ਰਬੰਧ ਸੇਵਾ – ਬੈਂਕ ਸੇਵਾਵਾਂ ਤੁਹਾਡੀਆਂ ਲੋੜਾਂ ਕਿਸ ਤਰ੍ਹਾਂ ਪੂਰੀਆਂ ਕਰਦੀਆਂ ਹਨ? ਗੌਰ ਕਰਨ ਵਾਲੀਆਂ ਸੇਵਾਵਾਂ: ਆਟੋਮੇਟਿਡ ਪੇਰੋਲਜ਼, ਅਦਾਇਗੀਆਂ ਦਾ ਵਿਤਰਣ, ਫੰਡਾਂ ਦਾ ਤਬਦੀਲੀ, ਲਾਕ ਬੌਕਸ, ਅਤੇ ਪੈਸੇ ਜਮ੍ਹਾ ਕਰਵਾਉਣ ਲਈ 24 ਘੰਟੇ ਦੀ ਸੇਵਾ।

ਸੰਭਾਵੀ ਕਰਜ਼ਾ ਦੇਣ ਵਾਲਿਆਂ ਨਾਲ ਮੁਢਲੀ ਮੀਟਿੰਗ ਕਰਨਾ ਇਕ ਚੰਗੀ ਗੱਲ ਹੈ। ਤੁਸੀਂ ਆਪਣੀਆਂ ਆਮ ਯੋਜਨਾਵਾਂ ਬਾਰੇ ਦੱਸ ਸਕਦੇ ਹੋ ਅਤੇ ਕਰਜ਼ਾ ਦੇਣ ਵਾਲੀ ਸੰਸਥਾਂ ਦੀਆਂ ਸ਼ਰਤਾਂ ਅਤੇ ਸੇਵਾਵਾਂ ਬਾਰੇ ਜਾਣ ਸਕਦੇ ਹੋ। ਕਰਜ਼ਾ ਦੇਣ ਵਾਲੇ ਨਾਲ ਇਕ ਚੰਗਾ ਰਾਬਤਾ ਬਣਾਉਣ ਲਈ, ਆਪਣੀ ਯੋਗਤਾ ਵਿੱਚ ਵਿਸ਼ਵਾਸ ਪੈਦਾ ਕਰਨਾ ਮਹੱਤਵਪੂਰਨ ਹੈ। ਆਪਣੇ ਪ੍ਰੋਜੈਕਟ ਦੀ ਸਮੇਂ ਸਿਰ ਯੋਜਨਾ ਬਣਾਉ ਅਤੇ ਕਰਜ਼ਾ ਦੇਣ ਵਾਲੇ ਨੂੰ ਆਪਣੀ ਕਾਰੋਬਾਰੀ ਯੋਜਨਾ ’ਤੇ ਗੌਰ ਕਰਨ ਲਈ ਸਮਾਂ ਦਿਓ।

ਆਮ ਤੌਰ ’ਤੇ ਬੈਂਕ ਤੁਹਾਡੇ ਕਾਰੋਬਾਰ ਨੂੰ ਸ਼ੁਰੂ ਕਰਨ ਲਈ ਚਾਹੀਦੀ ਰਕਮ ਦਾ ਤੁਹਾਨੂੰ 100 ਫੀਸਦੀ ਕਰਜ਼ਾ ਨਹੀਂ ਦੇਣਗੇ। ਤੁਹਾਡਾ ਬੈਂਕ ਕਰਜ਼ਾ ਦੇਣ ਵਾਲਾ ਹੈ ਨਾ ਕਿ ਤੁਹਾਡੇ ਕਾਰੋਬਾਰ ਦਾ ਮਾਲਕ ਜਾਂ ਹਿੱਸੇਦਾਰ। ਬੈਂਕ ਮੰਗ ਕਰੇਗਾ ਕਿ ਆਪਣੀ ਵਚਨਬੱਧਤਾ ਦਿਖਾਉਣ ਲਈ ਤੁਸੀਂ ਕਾਰੋਬਾਰ ਵਿੱਚ ਆਪਣਾ ਕੁਝ ਪੈਸਾ ਲਾਓ।

ਬੈਂਕਰ ਦੀ ਚੋਣ ਕਰਨ ਬਾਰੇ ਹੋਰ ਜਾਣਕਾਰੀ ਲਈ http://www.cba.ca ਦੇਖੋ।

## ਇੰਸ਼ੋਰੈਂਸ ਏਜੰਟ ਦੀ ਚੋਣ ਕਰਨੀ

ਇੰਸ਼ੋਰੈਂਸ ਵਿੱਤੀ ਯੋਜਨਾ ਦਾ ਇਕ ਜ਼ਰੂਰੀ ਹਿੱਸਾ ਹੈ। ਜੇ ਤੁਸੀਂ ਕਾਰੋਬਾਰੀ ਬਿਪਤਾਵਾਂ ਅਤੇ ਮੁਕੱਦਮਿਆਂ ਦਾ ਆਪ ਭੁਗਤਾਨ ਨਹੀਂ ਕਰਨਾ ਚਾਹੁੰਦੇ ਤਾਂ ਤੁਹਾਨੂੰ ਕਿਸੇ ਇੰਸ਼ੋਰੈਂਸ ਏਜੰਟ ਨਾਲ ਸਲਾਹ ਮਸ਼ਵਰਾ ਕਰਨ ਅਤੇ ਇੰਸ਼ੋਰੈਂਸ ਲੈਣ ਦੀ ਲੋੜ ਪਵੇਗੀ।

ਹੋ ਸਕਦਾ ਹੈ ਕਿ ਤੁਹਾਨੂੰ ਇਸ ਗੱਲ ਦਾ ਗਿਆਨ ਨਾ ਹੋਵੇ ਕਿ ਤੁਹਾਡੇ ਕਾਰੋਬਾਰ ਵਿੱਚ ਕਿਸ ਤਰ੍ਹਾਂ ਦੀਆਂ ਬਿਪਤਾਵਾਂ ਆ ਸਕਦੀਆਂ ਹਨ। ਇਹ ਕੰਮ ਤੁਹਾਡੇ ਇੰਸ਼ੋਰੈਂਸ ਏਜੰਟ ਦਾ ਹੈ ਕਿ ਉਹ ਅਜਿਹੀ ਪਾਲਸੀ ਤਿਆਰ ਕਰੇ ਜੋ ਵਧੀਆ ਢੰਗ ਨਾਲ ਤੁਹਾਡੀਆਂ ਲੋੜਾਂ ਦੀ ਪੂਰਤੀ ਕਰਦੀ ਹੋਵੇ। ਇਹ ਇੰਸ਼ੋਰੈਂਸ ਦੀਆਂ ਕੁਝ ਉਦਾਹਰਨਾਂ ਹਨ, ਜੋ ਤੁਹਾਡਾ ਦਾਅਵਿਆਂ ਤੋਂ ਬਚਾਅ ਕਰਨਗੀਆਂ।

- ਪਰਸਨਲ ਲਾਇਬਿਲਟੀ – ਉਹਨਾਂ ਲੋਕਾਂ ਦੁਆਰਾ ਕੀਤੇ ਦਾਹਵਿਆਂ ਤੋਂ ਬਚਾ ਕਰਦੀ ਹੈ, ਜਿਹਨਾਂ ਨੂੰ ਤੁਹਾਡੀ ਥਾਂ ’ਤੇ ਕੋਈ ਸਰੀਰਕ ਸੱਟ ਲੱਗੀ ਹੈ।
- ਪ੍ਰੋਡਕਟ ਲਾਇਬਿਲਟੀ – ਉਹਨਾਂ ਗਾਹਕਾਂ ਦੇ ਦਾਹਵਿਆਂ ਤੋਂ ਬਚਾ ਕਰਦੀ ਹੈ, ਜਿਹਨਾਂ ਦੇ ਤੁਹਾਡੀਆਂ ਵਸਤਾਂ ਵਰਤਦਿਆਂ ਕੋਈ ਸੱਟ ਲੱਗੀ ਹੈ
- ਅੱਗ – ਅੱਗ ਨਾਲ ਹੋਏ ਨੁਕਸਾਨ ਦੀ ਹਾਲਤ ਵਿੱਚ ਤੁਹਾਨੂੰ ਕਾਰੋਬਾਰ ਵਾਲੀ ਥਾਂ ਦੀ ਮੁਰੰਮਤ ਜਾਂ ਦੁਬਾਰਾ ਉਸਾਰੀ ਕਰਨ ਦੇ ਨਾਲ ਨਾਲ ਸੰਦਾਂ ਅਤੇ ਮਾਲ ਨੂੰ ਦੁਬਾਰਾ ਲੈਣ ਦੇ ਯੋਗ ਬਣਾਏਗੀ।
- ਡਿਸਏਬਲਟੀ – ਉਸ ਸਮੇਂ ਤੁਹਾਨੂੰ ਆਮਦਨ ਮੁਹੱਈਆ ਕਰੇਗੀ, ਜਦੋਂ ਤੁਸੀਂ ਕੰਮ ਨਾ ਕਰ ਸਕਦੇ ਹੋਵੋਗੇ।
- ਕਾਰੋਬਾਰ ਵਿੱਚ ਰੁਕਾਵਟ – ਅੱਗ, ਤੂਫਾਨ, ਹੜ੍ਹ ਆਦਿ ਵਰਗੀ ਕਿਸੇ ਮੁੱਖ ਬਿਪਤਾ ਕਾਰਨ ਕਾਰੋਬਾਰ ਵਿੱਚ ਆਈ ਆਰਜ਼ੀ ਰੁਕਾਵਟ ਕਾਰਨ ਆਮਦਨ ਦੇ ਹੋਏ ਨੁਕਸਾਨ ਲਈ ਮੁਆਵਜ਼ਾ ਦਿੰਦੀ ਹੈ।
- ਜੀਵਨ – ਤੁਹਾਡੀ ਮੌਤ ਜਾਂ ਤੁਹਾਡੇ ਲੱਗੀ ਗੰਭੀਰ ਸੱਟ ਕਾਰਨ ਹੋਣ ਵਾਲੇ ਵਿੱਤੀ ਨੁਕਸਾਨ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ।
- ਵਰਕਰਜ਼ ਕੰਪਨਸੇਸ਼ਨ – ਕੰਮ ’ਤੇ ਦੁਰਘਟਨਾਵਾਂ ਕਾਰਨ ਕਰਮਚਾਰੀਆਂ ਦੇ ਸੱਟ ਲੱਗਣ ਜਾਂ ਬੀਮਾਰ ਹੋਣ ਕਾਰਨ ਇਲਾਜ ਕਰਵਾਉਣ ਦੇ ਖਰਚੇ ਅਤੇ ਤਨਖਾਹ ਦੇ ਨੁਕਸਾਨ ਨੂੰ ਭਰਦੀ ਹੈ।
- ਅਪਰਾਧ/ਚੋਰੀ – ਡਾਕੇ, ਸੰਨ੍ਹ ਜਾਂ ਕਰਮਚਾਰੀਆਂ ਦੀ ਬੇਈਮਾਨੀ ਕਾਰਨ ਹੋਏ ਨੁਕਸਾਨ ਨੂੰ ਭਰਦੀ ਹੈ।

- ਬੌਂਡਿੰਗ – ਭਰੋਸੇਯੋਗ ਨੁਮਾਇੰਦਗੀ ਬਾਰੇ ਸੁਰੱਖਿਆ ਯਕੀਨੀ ਬਣਾਉਂਦੀ ਹੈ।

ਇੰਸ਼ੋਰੈਂਸ ਏਜੰਟ ਦੀ ਚੋਣ ਕਰਨ ਬਾਰੇ ਹੋਰ ਜਾਣਕਾਰੀ ਲੈਣ ਲਈ http://www.ibac.ca ਦੇਖੋ।

**ਕੈਨੇਡਾ ਬਿਜ਼ਨਿਸ ਉਹਨਾਂ ਵਪਾਰਕ ਸੰਸਥਾਂਵਾਂ ਨਾਲ ਲਿੰਕ ਬਣਾ ਸਕਦੀ ਹੈ, ਜਿਹੜੀਆਂ ਸੰਸਥਾਂਵਾਂ ਗਾਹਕਾਂ ਨੂੰ ਕਾਰੋਬਾਰਾਂ ਲਈ ਫਾਇਦੇਮੰਦ ਜਾਣਕਾਰੀ ਮੁਫਤ ਪ੍ਰਦਾਨ ਕਰਦੀਆਂ ਹਨ, ਜਦੋਂ ਅਜਿਹੀ ਜਾਣਕਾਰੀ ਗੈਰ–ਵਪਾਰਕ ਸਾਈਟਾਂ ਤੋਂ ਨਾ ਮਿਲਦੀ ਹੋਵੇ। ਅਜਿਹਾ ਫੈਸਲਾ ਕਰਨ ਦਾ ਅਧਿਕਾਰ ਕੈਨੇਡਾ ਬਿਜ਼ਨਿਸ ਦੇ ਵੈੱਬਮਾਸਟਰ ਕੋਲ ਹੋਵੇਗਾ। ਇਸ ਤੋਂ ਬਿਨਾਂ ਇਸ ਵਿਸ਼ੇ ਬਾਰੇ ਹੋਰ ਵਪਾਰਕ ਵਸੀਲੇ ਅਤੇ ਲਿੰਕ ਵੈੱਬ 'ਤੇ ਮਿਲ ਸਕਦੇ ਹਨ।**

---

ਤਿਆਰ ਕਰਤਾ: ਸੈਸਕੈਚਵੈਨ ਰੀਜਨਲ ਇਕਨੌਮਿਕ ਐਂਡ ਕੋ-ਅਪ੍ਰੇਟਿਵ ਡਿਵੈਲਪਮੈਂਟ

---

ਕੈਨੇਡਾ–ਓਨਟਾਰੀਓ ਬਿਜ਼ਨੈਸ ਸਰਵਿਸ ਸੈਂਟਰ (COBSC/CSECO) ਕੈਨੇਡਾ ਦੀਆਂ ਸਰਕਾਰੀ ਜ਼ਬਾਨਾਂ ਅੰਗਰੇਜ਼ੀ ਅਤੇ ਫਰਾਂਸੀਸੀ ਵਿੱਚ ਕਾਰੋਬਾਰੀ ਜਾਣਕਾਰੀ ਦਿੰਦਾ ਹੈ। ਸਾਡੇ ਸਭ ਤੋਂ ਵੱਧ ਉਪਯੋਗੀ ਦਸਤਾਵੇਜਾਂ ਵਿੱਚੋਂ ਕੁਝ ਇੱਕ ਦੀਆਂ ਕਾਪੀਆਂ ਦਾ ਨਿਮਰਤਾ ਵਜੋਂ ਹੋਰ ਜ਼ਬਾਨਾਂ ਵਿੱਚ ਅਨੁਵਾਦ ਕੀਤਾ ਗਿਆ ਹੈ। ਜੇ ਤੁਸੀਂ ਵਧੇਰੀ ਕਾਰੋਬਾਰੀ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ COBSC/CSECO ਇਨਫਾਰਮੇਸ਼ਨ ਅਫਸਰ ਨਾਲ ਗੱਲ ਕਰਨ ਲਈ ਕਿਰਪਾ ਕਰਕੇ 1-888-576-4444 ਤੇ ਕਾਲ ਕਰੋ।